

fka CHILDREN'S SERVICES INC

# ਮੁੱਢਲੇ ਬਚਪਨ ਦੀ ਸਿੱਖਿਆ ਅਤੇ ਸੰਭਾਲ ਸੇਵਾਵਾਂ ਵਿੱਚ ਤੁਹਾਡੇ ਬੱਚੇ ਨੂੰ ਹੋਰ ਪਤਾ ਕਰਨ ਲਈ ਸਹਿਯੋਗ ਕਰਨਾ

PUNJABI

ਸ਼ੁਰੂਆਤੀ ਬਚਪਨ ਦੀ ਸਿੱਖਿਆ ਵਿੱਚ ਉਸਾਰੂ ਸ਼ੁਰੂਆਤ ਮਹੱਤਵਪੂਰਣ ਹੈ। ਇਹ ਮਹੱਤਵਪੂਰਣ ਹੈ ਕਿ ਤੁਸੀਂ ਅਤੇ ਤੁਹਾਡਾ ਪਰਿਵਾਰ ਸਵਾਗਤ, ਸੁਰੱਖਿਅਤ ਅਤੇ ਸਹਾਇਤਾ ਮਿਲਦੀ ਮਹਿਸੂਸ ਕਰਦੇ ਹੋ। ਸੇਵਾ ਵਿਖੇ ਸ਼ੁਰੂਆਤੀ ਦਿਨ ਤੁਹਾਡੇ ਬੱਚੇ ਨੂੰ ਦੂਸਰੇ ਬੱਚਿਆਂ ਨੂੰ ਜਾਣਨ ਅਤੇ ਆਪਣੇ ਅਧਿਆਪਕਾਂ, ਸਿੱਖਿਅਕਾਂ ਅਤੇ ਹੋਰ ਸ਼ੁਰੂਆਤੀ ਬਚਪਨ ਦੇ ਪੇਸ਼ੇਵਰਾਂ ਨਾਲ ਵਿਸ਼ਵਾਸ-ਯੋਗ ਰਿਸ਼ਤਾ ਸ਼ੁਰੂ ਕਰਨ ਬਾਰੇ ਹਨ।

ਵਿਕਟੋਰੀਆ ਵਿੱਚ ਮੁੱਢਲੇ ਬਚਪਨ ਦੀ ਸਿੱਖਿਆ ਅਤੇ ਸੰਭਾਲ ਸੇਵਾਵਾਂ ਦਾ ਮਾਰਗ-ਦਰਸ਼ਨ *ਵਿਕਟੋਰੀਆ ਦੇ ਮੁੱਢਲੇ ਸਾਲਾਂ ਦੀ ਸਿੱਖਿਆ ਅਤੇ ਵਿਕਾਸ ਢਾਂਚੇ* ਦੁਆਰਾ ਕੀਤਾ ਜਾਂਦਾ ਹੈ (VEYLDF)। ਇਹ ਢਾਂਚਾ ਸਿੱਖਿਅਕਾਂ ਨੂੰ ਸੂਚਿਤ ਕਰਦਾ ਹੈ ਕਿ ਬੱਚਿਆਂ ਦੀ 'ਪਛਾਣ ਅਤੇ ਉਹਨਾਂ ਦੇ ਪਰਿਵਾਰਕ ਅਤੇ ਸੱਭਿਆਚਾਰਕ ਇਤਿਹਾਸ ਉਹਨਾਂ ਦੇ ਸਿੱਖਣ ਅਤੇ ਵਿਕਾਸ ਨੂੰ ਆਕਾਰ ਦਿੰਦੇ ਹਨ। ਬੱਚੇ ਸਵਾਗਤਯੋਗ ਮਹਿਸੂਸ ਕਰਦੇ ਹਨ ਅਤੇ ਸਭ ਤੋਂ ਵਧੀਆ ਸਿੱਖਦੇ ਹਨ ਜਦ ਪੇਸ਼ੇਵਰ ਉਹਨਾਂ ਦੀ ਵਿਲੱਖਣ ਪਛਾਣ ਦਾ ਆਦਰ ਕਰਦੇ ਹਨ ਅਤੇ ਸਵੀਕਾਰ ਕਰਦੇ ਹਨ' (VEYLDF, 2016, ਸਫਾ 12)। ਇਹ ਸਮਝ ਉਹਨਾਂ ਦੀ ਨਵੀਂ ਮੁੱਢਲੇ ਬਚਪਨ ਦੀ ਸਿੱਖਿਆ ਅਤੇ ਸੰਭਾਲ ਸੇਵਾ ਵਿਖੇ ਪਤਾ ਲਗਾਉਣ ਅਤੇ ਮਿਲਣ ਜੁਲਣ ਦੀ ਮਿਆਦ ਦੌਰਾਨ ਸਿੱਖਿਅਕਾਂ ਦੁਆਰਾ ਅਪਣਾਈ ਜਾਂਦੀ ਦਿਸ਼ਾ ਤੁਹਾਡੀ ਅਤੇ ਤੁਹਾਡੇ ਬੱਚੇ ਦੀ ਸਹਾਇਤਾ ਕਰਨ ਦੀ ਬੁਨਿਆਦ ਰੱਖੇਗੀ।

ਮੁੱਢਲੇ ਬਚਪਨ ਦੀ ਸਿੱਖਿਆ ਅਤੇ ਸੰਭਾਲ ਸੇਵਾਵਾਂ ਅਧਿਆਪਕਾਂ ਅਤੇ ਪਰਿਵਾਰਾਂ ਵਿਚਕਾਰ ਸਹਿਯੋਗੀ ਭਾਈਵਾਲੀਆਂ ਨੂੰ ਗੁਣਵੱਤਾ ਪ੍ਰੋਗਰਾਮ ਦੀ ਬੁਨਿਆਦ ਵਜੋਂ ਦੇਖਦੀਆਂ ਹਨ। ਆਦਰਯੋਗ ਰਿਸ਼ਤੇ ਸ਼ੁਰੂ ਤੋਂ ਹੀ ਉੱਚ ਗੁਣਵੱਤਾ ਵਾਲੀ ਸੇਵਾ ਦਾ ਮਜ਼ਬੂਤ ਸੂਚਕ ਹੁੰਦੇ ਹਨ। ਤੁਸੀਂ ਉਮੀਦ ਕਰ ਸਕਦੇ ਹੋ ਕਿ ਸਿਖਿਅਕ ਨਿੱਘੇ ਅਤੇ ਸਵਾਗਤਯੋਗ ਹੋਣਗੇ ਅਤੇ ਤੁਹਾਡੀ ਪਰਿਵਾਰਕ ਭਾਸ਼ਾ[ਵਾਂ] ਦੀ ਵਰਤੋਂ ਨੂੰ ਉਤਸ਼ਾਹਤ ਕਰ ਸਕਦੇ ਹਨ।

ਸੇਵਾਵਾਂ ਇਹ ਯਕੀਨੀ ਬਣਾਉਣ ਲਈ ਇੱਕ ਟੈਲੀਫੋਨ ਦੁਭਾਸ਼ੀਏ ਸੇਵਾ ਰਾਹੀਂ ਤੁਹਾਡੇ ਨਾਲ ਗੱਲਬਾਤ ਵਿੱਚ ਸਹਿਯੋਗ ਕਰ ਸਕਦੀਆਂ ਹਨ, ਕਿ ਤੁਹਾਨੂੰ ਉਚਿਤ ਤਰੀਕੇ ਨਾਲ ਸੂਚਿਤ ਕੀਤਾ ਜਾਂਦਾ ਹੈ, ਅਤੇ ਤੁਹਾਡੇ ਕੋਲ ਸਵਾਲ ਪੁੱਛਣ ਅਤੇ ਉਸ ਭਾਸ਼ਾ ਵਿੱਚ ਅਗਲੇਰੀ ਜਾਣਕਾਰੀ ਮੰਗਣ ਦਾ ਮੌਕਾ ਹੈ, ਜਿਸ ਨਾਲ ਤੁਸੀਂ ਸਭ ਤੋਂ ਵੱਧ ਸਹਿਜ ਮਹਿਸੂਸ ਕਰਦੇ ਹੋ। ਇਸ ਤੋਂ ਇਲਾਵਾ, ਕੋਈ ਸਹਾਇਤਾ ਕਾਮਾ ਜੋ ਤੁਹਾਡੀ ਪਰਿਵਾਰਕ ਭਾਸ਼ਾ ਬੋਲਦਾ ਹੈ, ਤੁਹਾਡੇ ਬੱਚੇ ਦੀ ਥੋੜ੍ਹੀ ਮਿਆਦ ਵਾਸਤੇ ਸਹਾਇਤਾ ਕਰਨ ਲਈ ਉਪਲਬਧ ਹੋ ਸਕਦਾ ਹੈ, ਕਿਉਂਕਿ ਉਹ ਸੇਵਾ ਵਿਖੇ ਜੁੜਨ ਅਤੇ ਸਬੰਧ ਦੀ ਭਾਵਨਾ ਵਿਕਸਤ ਕਰਦੇ ਹਨ।

ਗੁਣਵੱਤਾ ਵਾਲੀ ਬਚਪਨ ਦੀ ਸਿੱਖਿਆ ਪਰਿਵਾਰਾਂ ਨੂੰ 'ਬੱਚਿਆਂ ਦੀ ਸਿੱਖਿਆ ਅਤੇ ਵਿਕਾਸ ਉੱਤੇ ਮੁੱਢਲੇ ਪ੍ਰਭਾਵ' ਵਜੋਂ ਮਾਨਤਾ ਦਿੰਦੀ ਹੈ (VEYLDF, 2016, ਸਫਾ 9)। ਸਿੱਖਿਅਕ ਸ਼ੁਰੂਆਤੀ ਸਾਲਾਂ ਦੇ ਪ੍ਰੋਗਰਾਮ ਵਿੱਚ ਪਰਿਵਾਰ ਕੋਲੋਂ ਸਲਾਹ ਅਤੇ ਸ਼ਮੂਲੀਅਤ ਦੀ ਮੰਗ ਕਰਦੇ ਹਨ ਅਤੇ ਇਸ ਦੀ ਕਦਰ ਕਰਦੇ ਹਨ। ਇਹ ਨਾ ਕੇਵਲ ਸਿਖਿਅਕਾਂ ਦੀ ਪ੍ਰਥਾ ਨੂੰ ਜਾਣਕਾਰੀ ਦਿੰਦਾ ਹੈ ਸਗੋਂ ਬੱਚਿਆਂ ਨੂੰ ਉਹਨਾਂ ਦੀ ਸਿੱਖਿਆ ਅਤੇ ਸੰਭਾਲ ਦੇ ਵਾਤਾਵਰਣਾਂ ਅਤੇ ਘਰੇਲੂ ਵਾਤਾਵਰਣਾਂ ਵਿੱਚ ਲੋਕਾਂ ਵਿਚਕਾਰ ਵਿਸ਼ਵਾਸ, ਸੁਰੱਖਿਆ ਅਤੇ ਸਬੰਧ ਵਿਕਸਤ ਕਰਨ ਵਿੱਚ ਮਦਦ ਕਰਦਾ ਹੈ, ਜੋ ਸਿੱਖਣ ਦੇ ਨਤੀਜਿਆਂ ਨੂੰ ਵਧਾਉਂਦਾ ਹੈ। ਪਰਿਵਾਰਾਂ ਨੂੰ ਸੇਵਾ ਵਿੱਚ ਸ਼ਾਮਲ ਹੋਣ ਅਤੇ ਸ਼ੁਰੂਆਤੀ ਸੈਸ਼ਨਾਂ ਦੌਰਾਨ ਮੌਜੂਦ ਰਹਿਣ ਲਈ ਵੀ ਉਤਸ਼ਾਹਤ ਕੀਤਾ ਜਾਂਦਾ ਹੈ। ਇਹ ਤੁਹਾਡੇ ਬੱਚੇ ਨੂੰ ਸੁਰੱਖਿਅਤ ਮਹਿਸੂਸ ਕਰਨ ਵਿੱਚ ਮਦਦ ਕਰਦਾ ਹੈ, ਅਤੇ ਤੁਹਾਨੂੰ ਇਹ ਸਮਝਣ ਵਿੱਚ ਮਦਦ ਕਰਦਾ ਹੈ ਕਿ ਸੇਵਾ ਵਿਖੇ ਕੀ ਵਾਪਰਦਾ ਹੈ, ਜਦ ਤੁਹਾਡਾ ਬੱਚਾ ਤੁਹਾਡੇ ਬਿਨਾਂ ਉੱਥੇ ਹਾਜ਼ਰ ਹੁੰਦਾ ਹੈ।

ਤੁਹਾਡੀ ਸ਼ੁਰੂਆਤੀ ਬਚਪਨ ਦੀ ਸੇਵਾ ਵਿੱਚ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਸੇਵਾਵਾਂ ਤੋਂ ਜਾਣੂੰ ਹੋਣ ਵਿੱਚ ਮਦਦ ਕਰਨ ਲਈ ਸਭ ਚੀਜ਼ਾਂ ਦਾ ਪਤਾ ਲਗਾਉਣ ਦੀ ਯੋਜਨਾ ਹੋਵੇਗੀ। ਇਸ ਵਿੱਚ ਸ਼ਾਮਲ ਹੋ ਸਕਦੇ ਹਨ;

- ਰਸਮੀ ਹਾਜ਼ਰੀ ਸ਼ੁਰੂ ਹੋਣ ਤੋਂ ਪਹਿਲਾਂ ਆਪਣੇ ਬੱਚੇ ਨਾਲ ਸੇਵਾ ਵਾਲੀ ਜਗ੍ਹਾ ਵਿੱਚ ਜਾਣਾ
- ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਸਹਿਜ ਮਹਿਸੂਸ ਕਰਵਾਉਣ ਵਿੱਚ ਮਦਦ ਕਰਨ ਲਈ ਛੋਟੇ ਸੈਸ਼ਨਾਂ ਤੋਂ ਸ਼ੁਰੂ ਕਰਕੇ ਲੰਬੇ ਸੈਸ਼ਨਾਂ ਤੱਕ ਦਾ ਨਿਰਮਾਣ ਕਰਨਾ।

ਤੁਹਾਡੇ ਮੁੱਢਲੇ ਬਚਪਨ ਦੇ ਸਿੱਖਿਅਕ ਤੁਹਾਡੇ ਨਾਲ ਸਮਾਂ ਬਿਤਾਉਣਗੇ ਅਤੇ ਤੁਹਾਡੇ ਅਤੇ ਤੁਹਾਡੇ ਬੱਚੇ ਬਾਰੇ ਕੁਝ ਸਵਾਲ ਪੁੱਛਣਗੇ। ਇਹ ਉਹਨਾਂ ਨੂੰ ਤੁਹਾਡੇ ਬੱਚੇ ਦੀਆਂ ਲੋੜਾਂ ਦੀ ਬੇਹਤਰ ਸਮਝ ਪ੍ਰਦਾਨ ਕਰੇਗਾ, ਅਤੇ ਉਹਨਾਂ ਨੂੰ ਅਜਿਹਾ ਪ੍ਰੋਗਰਾਮ ਬਣਾਉਣ ਵਿੱਚ ਮਦਦ ਕਰੇਗਾ ਜੋ ਤੁਹਾਡੇ ਬੱਚੇ ਵਾਸਤੇ ਸਿੱਖਣ ਦੇ ਮੌਕਿਆਂ ਅਤੇ ਉਸਾਰੂ ਸਿੱਟਿਆਂ ਨੂੰ ਵਧਾਉਂਦਾ ਹੈ।

ਜਾਣਕਾਰੀ ਦੀਆਂ ਉਦਾਹਰਣਾਂ ਜੋ ਬਚਪਨ ਦੀਆਂ ਸ਼ੁਰੂਆਤੀ ਸੇਵਾਵਾਂ ਤੁਹਾਨੂੰ ਉਹਨਾਂ ਨਾਲ ਸਾਂਝੀਆਂ ਕਰਨ ਲਈ ਕਹਿ ਸਕਦੀਆਂ ਹਨ;

- ਬੱਚਿਆਂ ਦੀ ਸਿਹਤ ਬਾਰੇ ਜਾਣਕਾਰੀ – ਟੀਕਾਕਰਨ ਦੇ ਰਿਕਾਰਡ, ਡਾਕਟਰੀ ਲੋੜਾਂ, ਬਿਮਾਰੀਆਂ ਜਾਂ ਐਲਰਜੀਆਂ।
- ਨੈਪੀ ਬਦਲਣ ਦੀਆਂ ਤਰਜੀਹਾਂ, ਟੌਇਲਟ ਕਰਨ ਦੀਆਂ ਤਰਜੀਹਾਂ ਅਤੇ ਘਰੇਲੂ ਪ੍ਰਥਾਵਾਂ।
- ਭੋਜਨ ਜੋ ਬੱਚੇ ਖਾਂਦੇ ਹਨ, ਖਾਣੇ ਦੇ ਸਮੇਂ ਦੀਆਂ ਰੀਤਾਂ/ਨਿੱਤਨੇਮ।
- ਬੱਚਿਆਂ ਦੀਆਂ ਆਰਾਮ ਕਰਨ/ਸੌਣ ਦੀਆਂ ਲੋੜਾਂ।
  - ਕੀ ਉਹ ਕਿਸੇ ਮੰਜੇ, ਆਪਣੇ ਬਿਸਤਰੇ ਜਾਂ ਕਿਸੇ ਦੇ ਨਾਲ ਸੌਂਦੇ ਹਨ?
  - ਕਿਹੜੇ ਗੀਤ ਉਹਨਾਂ ਨੂੰ ਦਿਲਾਸਾ ਦੇ ਸਕਦੇ ਹਨ?
  - ਕੀ ਉਹਨਾਂ ਕੋਲ ਕੋਈ ਪਸੰਦੀਦਾ ਕਿਤਾਬ, ਕੋਈ ਵਿਸ਼ੇਸ਼ ਖਿਡੌਣਾ ਜਾਂ ਕੰਬਲ ਹੈ?
  - ਉਹ ਆਮ ਤੌਰ ਤੇ ਦਿਨ ਵਿੱਚ ਕਿਹੜੇ ਸਮਿਆਂ ਦੌਰਾਨ ਆਰਾਮ ਕਰਦੇ/ਸੌਂਦੇ ਹਨ?
- ਤੁਹਾਡੇ ਪਰਿਵਾਰ ਵਾਸਤੇ ਕਿਹੜੇ ਜਸ਼ਨ ਅਤੇ ਰਵਾਇਤਾਂ ਮਹੱਤਵਪੂਰਣ ਹਨ?
- ਸਿੱਖਿਅਕ ਕਿਸੇ ਵੀ ਹੋਰ ਜਾਣਕਾਰੀ ਦਾ ਸਵਾਗਤ ਕਰਨਗੇ ਜੋ ਤੁਸੀਂ ਉਹਨਾਂ ਨਾਲ ਸਾਂਝੀ ਕਰਨੀ ਚਾਹੋਗੇ।
- ਤੁਹਾਡੇ ਕੋਲ ਆਪਣੇ ਬੱਚੇ ਬਾਰੇ ਵੀ ਜਾਣਕਾਰੀ ਹੋਵੇਗੀ, ਜੋ ਤੁਸੀਂ ਚਾਹੁੰਦੇ ਹੋ ਕਿ ਸਿੱਖਿਅਕ ਇਹ ਜਾਨਣ ਕਿ ਇਹ ਉਹਨਾਂ ਨੂੰ ਤੁਹਾਡੇ ਬੱਚੇ ਨਾਲ ਜੁੜਨ ਵਿੱਚ ਮਦਦ ਕਰੇਗਾ।

## ਤੁਹਾਡੇ ਬੱਚੇ ਦੀ ਸਹਾਇਤਾ ਕਰਨ ਦੇ ਹੋਰ ਤਰੀਕੇ ਕਿਉਂਕਿ ਉਹ ਆਪਣੀ ਸ਼ੁਰੂਆਤੀ ਬਚਪਨ ਦੀ ਸੇਵਾ ਵਿੱਚ ਘੁਲ ਮਿਲ ਜਾਂਦੇ ਹਨ

- ਸੇਵਾ ਵਾਲੀ ਜਗ੍ਹਾ ਵਿਖੇ ਆਪਣੇ ਬੱਚੇ ਨਾਲ ਸਮਾਂ ਬਿਤਾਓ – ਆਪਣੇ ਬੱਚੇ ਨੂੰ ਸੇਵਾ ਦੇ ਨਿੱਤਨੇਮਾਂ ਬਾਰੇ ਸਮਝਾਓ, ਕਹਾਣੀਆਂ ਪੜ੍ਹੋ, ਅਤੇ ਆਪਣੀ ਭਾਸ਼ਾ ਵਿੱਚ ਗੀਤ ਗਾਓ।
- ਹੋਰਨਾਂ ਬੱਚਿਆਂ ਨਾਲ ਗੱਲਬਾਤ ਕਰਨ ਲਈ ਉਹਨਾਂ ਦੀ ਸਹਾਇਤਾ ਕਰੋ। ਇਹ ਸਿਰਫ਼ ਉਹਨਾਂ ਨੂੰ ਦੂਸਰਿਆਂ ਦੇ ਨਾਲ ਬੈਠਣ ਲਈ ਉਤਸ਼ਾਹਤ ਕਰਨ ਦੁਆਰਾ, ਦੂਸਰੇ ਬੱਚਿਆਂ ਨਾਲ ਜਾਣ-ਪਛਾਣ ਕਰਵਾਉਣ, ਸਰਗਰਮੀਆਂ ਅਤੇ ਖੇਡਾਂ ਵਿੱਚ ਸ਼ਾਮਲ ਹੋਣ ਦੁਆਰਾ ਹੋ ਸਕਦਾ ਹੈ।
- ਆਪਣੇ ਬੱਚੇ ਅਤੇ ਦੂਸਰਿਆਂ ਨਾਲ ਗੱਲ ਬਾਤ ਕਰਨ ਵਿੱਚ ਸਮਾਂ ਬਿਤਾਓ ਜੋ ਇੱਕੋ ਭਾਸ਼ਾ ਬੋਲਦੇ ਹਨ।
- ਆਪਣੇ ਬੱਚੇ ਨਾਲ ਇਸ ਬਾਰੇ ਗੱਲ ਕਰੋ ਕਿ ਉਹ ਕੀ ਅਨੁਭਵ ਕਰ ਰਹੇ ਹਨ ਅਤੇ ਮਹਿਸੂਸ ਕਰ ਰਹੇ ਹਨ: ਉਹਨਾਂ ਨੂੰ ਭਰੋਸਾ ਦਿਓ ਅਤੇ ਉਹਨਾਂ ਨੂੰ ਉਤਸ਼ਾਹਤ ਕਰੋ।
- ਯਕੀਨੀ ਬਣਾਓ ਕਿ ਤੁਹਾਡਾ ਬੱਚਾ ਜਾਣਦਾ ਹੋਵੇ ਕਿ ਉਹਨਾਂ ਦੇ ਸਿੱਖਿਅਕ ਕੌਣ ਹਨ, ਉਹਨਾਂ ਦੇ ਨਾਮ ਕੀ ਹਨ ਅਤੇ ਜੇ ਉਹਨਾਂ ਨੂੰ ਕਿਸੇ ਮਦਦ ਦੀ ਲੋੜ ਹੈ ਤਾਂ ਉਹ ਉਹਨਾਂ ਕੋਲ ਜਾ ਸਕਦੇ ਹਨ। ਉਹਨਾਂ ਨੂੰ ਆਪਣੇ ਸਿੱਖਿਅਕ ਦੇ ਨਾਮ ਤੁਹਾਡੇ ਨਾਲ ਬੋਲਣ ਦਾ ਅਭਿਆਸ ਕਰਨ ਅਤੇ ਸਹਾਇਤਾ ਦੀ ਮੰਗ ਕਰਨ ਲਈ ਭੂਮਿਕਾ ਨਿਭਾਉਣ ਦਾ ਮੌਕਾ ਦਿਓ।
- ਜਾਣ ਤੋਂ ਪਹਿਲਾਂ ਹਮੇਸ਼ਾ ਅਲਵਿਦਾ ਕਹੋ ਅਤੇ ਆਪਣੇ ਬੱਚੇ ਨੂੰ ਭਰੋਸਾ ਦਿਓ ਕਿ ਤੁਸੀਂ ਬਾਅਦ ਵਿੱਚ ਵਾਪਸ ਆਵੋਗੇ। ਤੁਹਾਡੇ ਜਾਣ ਤੋਂ ਪਹਿਲਾਂ ਕਿਸੇ ਸਿੱਖਿਅਕ ਅਤੇ/ਜਾਂ ਹੋਰ ਬੱਚਿਆਂ ਨਾਲ ਕਿਸੇ ਸਰਗਰਮੀ ਵਿੱਚ ਸ਼ਾਮਲ ਹੋਣ ਵਿੱਚ ਉਹਨਾਂ ਦੀ ਮਦਦ ਕਰਕੇ ਆਪਣੇ ਬੱਚੇ ਨੂੰ ਆਹਰੇ ਲਾਉਣਾ ਇੱਕ ਵਧੀਆ ਵਿਚਾਰ ਹੈ।
- ਉਹਨਾਂ ਨੂੰ ਕਿਸੇ ਵੀ ਸਵਾਲ ਪੁੱਛਣ ਦਾ ਮੌਕਾ ਦੇਣ ਅਤੇ ਉਹਨਾਂ ਕੋਲ ਹੋ ਸਕਦੇ ਕਿਸੇ ਵੀ ਸ਼ੰਕਿਆਂ ਦਾ ਜਵਾਬ ਦੇਣ ਲਈ ਹਾਜ਼ਰ ਹੋਣ ਤੋਂ ਪਹਿਲਾਂ ਰਾਤ/ਸਵੇਰ ਨੂੰ ਬੱਚਿਆਂ ਨਾਲ ਸੇਵਾ ਦੇ ਨਿੱਤਨੇਮਾਂ ਅਤੇ ਵਾਤਾਵਰਣ ਬਾਰੇ ਵਿਚਾਰ-ਵਟਾਂਦਰਾ ਕਰੋ।
- ਯਾਦ ਰੱਖੋ ਕਿ ਸੇਵਾ ਵਿਖੇ ਤੁਹਾਡੇ ਰਹਿਣ ਦੇ ਦੌਰਾਨ ਤੁਹਾਡੇ ਅਤੇ ਤੁਹਾਡੇ ਬੱਚੇ ਦੋਨਾਂ ਦੀ ਸਹਾਇਤਾ ਕਰਨ ਲਈ ਤੁਹਾਡੇ ਬੱਚੇ ਦੇ ਅਧਿਆਪਕ ਅਤੇ ਸਿੱਖਿਅਕ ਮੌਜੂਦ ਹਨ।

---

**References**

Department of Education and Training, 2016. *Victorian Early Years Learning and Development Framework.*